# ਸ਼ਾਮਲ ਹੋਵੋ।
# ਦੇਖਭਾਲ ਪ੍ਰਾਪਤ ਕਰੋ।
# ਰੀਨਿਊ ਕਰੋ।

ਕੈਲੀਫੋਰਨੀਆ ਦੇ ਘੱਟ-ਆਮਦਨੀ ਵਾਲੇ ਸਾਰੇ ਪਰਿਵਾਰਾਂ ਲਈ ਮੁਫ਼ਤ ਜਾਂ ਫਿਰ ਘੱਟ ਖਰਚੇ ਵਾਲੀ ਸਿਹਤ ਕਵਰੇਜ ਉਪਲਬਧ ਹੈ (ਵਿਕਲਪ ਪੰਨਾ 2 'ਤੇ)

**ਕੈਲੀਫੋਰਨੀਆ**
ਦੂਸਰੇ ਰਾਜਾਂ ਲਈ ਜਾਣਕਾਰੀ ਵੱਖ ਹੈ।



## 2023-24 ਵਿੱਚ ਆਪਣੀ ਕਵਰੇਜ ਰੀਨਿਊ ਕਰੋ!

### 2023 ਅਤੇ 2024 ਲਈ ਮਹੱਤਵਪੂਰਨ:

**ਨਿਰੰਤਰ MEDI-CAL ਕਵਰੇਜ ਸੁਰੱਖਿਆ ਅਪ੍ਰੈਲ 2023 ਦੀ ਸ਼ੁਰੂਆਤ ਤੋਂ ਖਤਮ ਹੋ ਰਹੀ ਹੈ।**

ਕੀ ਤੁਹਾਡੇ ਜਾਂ ਪਰਿਵਾਰ ਦੇ ਕਿਸੇ ਮੈਂਬਰ ਕੋਲ Medi-Cal ਦੀ ਕਵਰੇਜ ਹੈ? ਜੇ ਹੈ, ਤਾਂ ਇਸ ਨੂੰ ਬਰਕਰਾਰ ਰੱਖਣ ਲਈ ਤੁਹਾਨੂੰ ਸ਼ਾਇਦ ਇਹ ਕਦਮ ਚੁੱਕਣੇ ਪੈਣਗੇ। ਅਪ੍ਰੈਲ 2023 ਅਤੇ ਮਈ 2024 ਦੇ ਵਿਚਕਾਰ ਕਿਸੇ ਸਮੇਂ 'ਤੇ ਆਪਣੀ Medi-Cal ਕਵਰੇਜ ਰੀਨਿਊ ਕਰਾਉਣੀ ਪਵੇਗੀ। ਆਮ ਤੌਰ 'ਤੇ ਸਲਾਨਾ ਰੀਨਿਊਲ Medi-Cal ਕਵਰੇਜ ਵਿੱਚ ਤੁਹਾਡੇ ਪਹਿਲੀ ਵਾਰ ਸ਼ਾਮਲ ਹੋਣ ਵਾਲੇ ਮਹੀਨੇ ਵਿੱਚ ਹੀ ਕੀਤੇ ਜਾਂਦੇ ਹਨ।

### ਕਵਰ ਜਾਰੀ ਰੱਖਣ ਲਈ ਕੀ ਕੀਤਾ ਜਾਵੇ:

- **ਆਪਣੀ ਸੰਪਰਕ ਜਾਣਕਾਰੀ ਅੱਪਡੇਟ ਕਰੋ।** ਆਪਣੀ ਸੰਪਰਕ ਜਾਣਕਾਰੀ (ਡਾਕ ਪਤਾ, ਫੋਨ ਨੰਬਰ ਜਾਂ ਈਮੇਲ) ਵਿੱਚ ਆਏ ਕਿਸੇ ਵੀ ਕਿਸਮ ਦੇ ਬਦਲਾਅ ਬਾਰੇ ਆਪਣੀ ਕਾਉਂਟੀ ਦੇ Medi-Cal ਦਫ਼ਤਰ ਨੂੰ ਦੱਸੋ ਤਾਂ ਜੋ ਉਹ ਤੁਹਾਡੀ ਕਵਰੇਜ ਨੂੰ ਰੀਨਿਊ ਕਰ ਸਕਣ ਦੇ ਤਰੀਕੇ ਨਾਲ ਜੁੜੀ ਜਾਣਕਾਰੀ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕਣ।
- **ਆਪਣੀ ਡਾਕ ਚੈੱਕ ਕਰੋ।** ਕਵਰੇਜ ਰੀਨਿਊ ਹੋਣ ਦਾ ਸਮਾਂ ਨੇੜੇ ਆਉਣ 'ਤੇ, Medi-Cal ਤੁਹਾਨੂੰ ਇੱਕ ਪੱਤਰ ਭੇਜੇਗਾ, ਜਿਸ ਵਿੱਚ ਦੱਸਿਆ ਗਿਆ ਹੋਵੇਗਾ ਕਿ ਤੁਹਾਨੂੰ ਰੀਨਿਊਲ ਫਾਰਮ ਭਰਨ ਦੀ ਲੋੜ ਹੈ ਜਾਂ ਨਹੀਂ ਜਾਂ ਫਿਰ ਦੱਸਿਆ ਗਿਆ ਹੋਵੇਗਾ ਕਿ ਤੁਹਾਡਾ ਰੀਨਿਊਲ ਆਪਣੇ ਆਪ ਪੂਰਾ ਕੀਤਾ ਜਾ ਸਕਦਾ ਹੈ।
- **ਆਪਣਾ ਰੀਨਿਊਲ ਫਾਰਮ ਭਰੋ।**
  ਜੇ ਤੁਹਾਨੂੰ ਰੀਨਿਊਲ ਫਾਰਮ ਮਿਲਦਾ ਹੈ, ਤਾਂ ਤੁਹਾਡੀ ਕਵਰੇਜ ਉਦੋਂ ਤੱਕ ਰੀਨਿਊ ਨਹੀਂ ਹੋਵੇਗੀ, ਜਦੋਂ ਤੱਕ ਤੁਸੀਂ ਇਹ ਫਾਰਮ ਨਹੀਂ ਭਰਦੇ। ਰੀਨਿਊਲ ਫਾਰਮ ਇੱਕ **ਪੀਲੇ ਲਿਫਾਫੇ** ਵਿੱਚ ਭੇਜੇ ਜਾਣਗੇ। ਫਾਰਮ ਭਰੋ ਅਤੇ ਕਾਉਂਟੀ ਦੇ ਕਿਸੇ ਵੀ ਕਿਸਮ ਦੇ ਫਾਲੋ-ਅੱਪ ਸਵਾਲਾਂ ਦਾ ਜਵਾਬ ਤੁਰੰਤ ਹੀ ਫੋਨ ਰਾਹੀਂ, ਔਨਲਾਈਨ, ਡਾਕ ਰਾਹੀਂ ਜਾਂ ਫਿਰ ਖੁਦ ਜਾਕੇ ਦਿਓ, ਤਾਂ ਜੋ ਤੁਹਾਡੀ ਕਵਰੇਜ ਵਿੱਚ ਕੋਈ ਰੁਕਾਵਟ ਨਾ ਆਵੇ।

### ਆਪਣੀ Medi-Cal ਕਵਰੇਜ ਨੂੰ ਰੀਨਿਊ ਕਰਨ ਅਤੇ ਬਦਲਾਵਾਂ ਦੀ ਰਿਪੋਰਟ ਕਰਨ ਦਾ ਤਰੀਕਾ:

- **ਔਨਲਾਈਨ ਇੱਕ ਅਕਾਉਂਟ ਬਣਾਓ।** ਇਸ ਸਾਈਟ 'ਤੇ ਜਾਓ ***https://benefitscal.com/*** ਜਾਂ ਫਿਰ
- **ਆਪਣੀ ਕਾਉਂਟੀ ਦੇ Medi-Cal ਦਫ਼ਤਰ ਨਾਲ ਸੰਪਰਕ ਕਰੋ।** ਆਪਣੀ ਕਾਉਂਟੀ ਦਾ Medi-Cal ਦਫ਼ਤਰ ਭਾਲਣ ਲਈ, ***dhcs.ca.gov/COL*** 'ਤੇ ਜਾਓ ਜਾਂ ਫਿਰ ***(800) 541-5555*** **'ਤੇ ਕਾਲ ਕਰੋ।**

### ਜੇ ਤੁਸੀਂ ਹੁਣ Medi-Cal ਕਵਰੇਜ ਲਈ ਯੋਗ ਨਹੀਂ ਹੋ, ਤਾਂ ਕੀ ਹੋਵੇਗਾ?

ਜੇ ਤੁਹਾਡੇ ਪਰਿਵਾਰ ਦੀ ਆਮਦਨੀ Medi-Cal ਲਈ ਯੋਗਤਾ ਦੇ ਪੱਧਰ ਤੋਂ ਵੱਧ ਜਾਂਦੀ ਹੈ (ਦੂਜੇ ਪੰਨੇ 'ਤੇ ਆਮਦੀ ਚਾਰਟ ਦੇਖੋ), ਤਾਂ ਤੁਸੀਂ ਕਵਰਡ ਕੈਲੀਫੋਰਨੀਆ ਰਾਹੀਂ ਛੋਟ ਪ੍ਰਾਪਤ ਪ੍ਰੀਮੀਅਮਾਂ ਲਈ ਯੋਗ ਹੋ ਸਕਦੇ ਹੋ। ਜੇ ਇਹ ਗੱਲ ਹੈ, ਤਾਂ ਜਦੋਂ ਤੁਹਾਡੀ Medi-Cal ਕਵਰੇਜ ਖਤਮ ਹੁੰਦੀ ਹੈ, ਉਦੋਂ ਕਵਰਡ ਕੈਲੀਫੋਰਨੀਆ ਤੁਹਾਨੂੰ ਤੁਹਾਡੀ ਸਵੈਚਲਤ ਸ਼ਮੂਲੀਅਤ ਬਾਰੇ ਅਤੇ ਇਸ ਨੂੰ ਕਿਰਿਆਸ਼ੀਲ ਕਰਨ ਲਈ ਤੁਹਾਨੂੰ ਕੀ ਕਰਨਾ ਪਵੇਗਾ ਸੰਬੰਧੀ ਜਾਣਕਾਰੀ ਭੇਜੇਗਾ। ਤੁਹਾਡੀ ਕਵਰਡ ਕੈਲੀਫੋਰਨੀਆ ਕਵਰੇਜ ਉਦੋਂ ਸ਼ੁਰੂ ਹੋਵੇਗੀ, ਜਦੋਂ:

- ਤੁਸੀਂ ਆਪਣਾ ਪ੍ਰੀਮੀਅਮ ਭਰਦੇ ਹੋ, ਜਾਂ ਫਿਰ
- ਜੇ ਤੁਹਾਡਾ ਕੋਈ ਪ੍ਰੀਮੀਅਮ ਨਹੀਂ ਹੈ, ਤਾਂ ਜਦੋਂ ਤੁਸੀਂ ਕਵਰੇਜ ਔਨਲਾਈਨ ਜਾਂ ਫਿਰ ਫੋਨ ਰਾਹੀਂ ਸਵੀਕਾਰ ਕਰਦੇ ਹੋ।

ਅਕਸਰ ਹੀ ਜਦੋਂ ਪਰਿਵਾਰ ਦੀ ਆਮਦਨੀ ਵੱਧ ਜਾਂਦੀ ਹੈ, ਤੁਹਾਡਾ ਬੱਚੇ (ਤੁਹਾਡੇ ਬੱਚੇ) ਹਾਲੇ ਵੀ Medi-Cal ਲਈ ਯੋਗ ਹੋ ਸਕਦੇ ਹਨ, ਭਾਵੇਂ ਪਰਿਵਾਰ ਦੇ ਬਾਲਗ ਮੈਂਬਰ ਹੁਣ ਯੋਗ ਨਹੀਂ ਰਹੇ। ਭਾਵੇਂ ਤੁਸੀਂ ਕਵਰਡ ਕੈਲੀਫੋਰਨੀਆ ਵਿੱਚ ਸ਼ਾਮਲ ਹੋ ਸਕਦੇ ਹੋ, ਪਰ ਫਿਰ ਵੀ ਆਪਣੇ ਬੱਚੇ (ਬੱਚਿਆਂ) ਦੀ ਮੁਫ਼ਤ Medi-Cal ਕਵਰੇਜ ਜਾਰੀ ਰੱਖਣ ਲਈ ਰੀਨਿਊਲ ਫਾਰਮ ਭਰਦੇ ਰਹੋ ਅਤੇ ਰੀਨਿਊਲ ਜਾਣਕਾਰੀ ਜਮ੍ਹਾਂ ਕਰਾਉਂਦੇ ਰਹੋ।

## ਸ਼ਾਮਲ ਹੋਵੋ।

**Medi-Cal** ਅਤੇ ਕਵਰਡ ਕੈਲੀਫੋਰਨੀਆ **(Covered California)** ਵਿੱਚ ਸ਼ਾਮਲ ਹੋਣ ਦੇ ਤਰੀਕੇ:

- ***1(800) 300-1506***
- ***www.coveredca.com***
- ਵਿਅਕਤੀਗਤ ਤੌਰ 'ਤੇ: ***dhcs.ca.gov/COL***
- ਡਾਕ ਰਾਹੀਂ ਅਪਲਾਈ ਕਰਨਾ: Medi-Cal ਲਈ ਪ੍ਰਿੰਟ ਕੀਤੀਆਂ ਜਾ ਸਕਦੀਆਂ ਅਰਜ਼ੀਆਂ ਇੱਥੇ ਉਪਲਬਧ ਹਨ: ***www.dhcs.ca.gov/services/medi-cal/eligibility/Pages/SingleStreamApps.aspx***
- **ਆਪਣੇ ਭਾਈਚਾਰੇ ਵਿੱਚ ਮਦਦ ਭਲੋ:** ਹੇਠਾਂ ਦਿੱਤਾ QR ਕੋਡ ਸਕੈਨ ਕਰੋ ਜਾਂ ਫਿਰ ਤੁਹਾਡੇ ਨੇੜੇ-ਤੇੜੇ ਮਦਦ ਭਾਲਣ ਲਈ ਇਸ ਸਾਈਟ 'ਤੇ ਜਾਓ: ***allinforhealth.org/HealthCoverageResources***

## ਦੇਖਭਾਲ ਪ੍ਰਾਪਤ ਕਰੋ।

- ਪ੍ਰਾਇਮਰੀ ਦੇਖਭਾਲ ਡਾਕਟਰ ਭਾਲੋ। ਤੁਹਾਡੇ ਨੇੜੇ-ਤੇੜੇ ਉਪਲਬਧ ਡਾਕਟਰ ਭਾਲਣ ਵਿੱਚ ਮਦਦ ਕਰਨ ਵਾਸਤੇ ਆਪਣੇ ਸਿਹਤ ਪਲਾਨ ਨੂੰ ਪੁੱਛੋ।
- ਆਪਣੇ ਅਤੇ ਆਪਣੇ ਬੱਚੇ (ਬੱਚਿਆਂ) ਲਈ ਸਲਾਨਾ ਚੈੱਕ-ਅੱਪ ਦਾ ਸਮਾਂ ਨਿਰਧਾਰਤ ਕਰੋ। ਨੌਜਵਾਨ ਬੱਚਿਆਂ ਨੂੰ ਇੱਕ ਸਾਲ ਦੇ ਅੰਦਰ ਜ਼ਿਆਦਾ ਵਾਰ ਤੰਦਰੁਸਤ-ਬੱਚਾ ਮੁਲਾਕਾਤਾਂ ਦੀ ਲੋੜ ਹੁੰਦੀ ਹੈ।
- ਤੁਹਾਡੇ ਸਿਹਤ ਪਲਾਨ ਦਾ ਤੁਹਾਡੇ ਵਾਸਤੇ ਮੁਲਾਕਾਤਾਂ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰਨਾ ਅਤੇ ਦੁਭਾਸ਼ੀਆ ਸੇਵਾਵਾਂ ਉਪਲਬਧ ਕਰਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, Medi-Cal ਦਾ ਤੁਹਾਡੀਆਂ ਮੁਲਾਕਾਤਾਂ ਲਈ ਮੁਫ਼ਤ ਆਉਣ-ਜਾਉਣ ਦਾ ਇੰਤਜ਼ਾਮ ਕਰਨ ਵਿੱਚ ਤੁਹਾਡੀ ਮਦਦ ਕਰਨਾ ਜ਼ਰੂਰੀ ਹੈ।
- ਡੈਂਟਿਸਟ ਭਾਲੋ। Medi-Cal ਡੈਂਟਿਸਟ ਅਤੇ ਤੁਹਾਡੇ ਨੇੜੇ-ਤੇੜੇ ਹੀ ਕੋਈ ਡੈਂਟਲ ਹੋਮ ਭਾਲਣ ਵਾਸਤੇ ***SmileCalifornia.org*** 'ਤੇ ਜਾਓ।
- ਕਵਰਡ ਕੈਲੀਫੋਰਨੀਆ ਵਿੱਚ, ਦੰਦਾਂ ਦੀ ਦੇਖਭਾਲ ਬੱਚਿਆਂ ਲਈ ਕਵਰ ਹੁੰਦੀ ਹੈ। ਬਾਲਗਾਂ ਨੂੰ ਡੈਂਟਲ ਪਲਾਨ ਅਲੱਗ ਤੋਂ ਖਰੀਦਣਾ ਪਵੇਗਾ।

## ਰੀਨਿਊ ਕਰੋ।

**DHCS**

**Medi-Cal** ਹਰ ਸਾਲ ਰੀਨਿਊ ਕੀਤੀ ਜਾਣੀ ਚਾਹੀਦੀ ਹੈ, ਸਿਵਾਏ ਹੇਠਾਂ ਸੂਚੀਬੱਧ ਕੀਤਿਆਂ ਲਈ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ Medi-Cal ਕੋਲ ਤੁਹਾਡਾ ਮੌਜੂਦਾ ਪਤਾ ਹੈ, ਤਾਂ ਜੋ ਤੁਹਾਡੀ ਕਵਰੇਜ ਰੀਨਿਊ ਕਰਾਉਣ ਦਾ ਸਮਾਂ ਆਉਣ 'ਤੇ, ਉਹ ਤੁਹਾਡੇ ਨਾਲ ਸੰਪਰਕ ਕਰ ਸਕਣ। ਜੇ ਤੁਹਾਨੂੰ ਕੋਈ ਰੀਨਿਊਲ ਸੂਚਨਾ ਮਿਲਦੀ ਹੈ, ਤਾਂ ਯਕੀਨੀ ਤੌਰ 'ਤੇ ਉਸ ਉੱਪਰ ਕਾਰਵਾਈ ਕਰੋ! ਅਨਾਥਘਰ ਦੀ ਦੇਖਭਾਲ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਪੂਰਵ ਵਿੱਚ ਅਨਾਥਘਰ ਦੀ ਦੇਖਭਾਲ ਵਿੱਚ ਰਹਿਣ ਵਾਲੇ ਨੌਜਵਾਨਾਂ ਨੂੰ ਆਪਣੀ ਕਵਰੇਜ ਰੀਨਿਊ ਕਰਾਉਣ ਦੀ ਲੋੜ ਨਹੀਂ ਹੁੰਦੀ ਹੈ। ਬੱਚੇ ਨੂੰ ਜਨਮ ਦੇਣ ਵਾਲੀਆਂ ਕੀਤਿਆਂ ਔਰਤਾਂ ਨੂੰ ਵੀ ਬੱਚਾ ਪੈਦਾ ਕਰਨ ਦੇ ਬਾਅਦ 12 ਮਹੀਨਿਆਂ ਤੱਕ ਆਪਣੀ ਕਵਰੇਜ ਰੀਨਿਊ ਕਰਾਉਣ ਦੀ ਲੋੜ ਨਹੀਂ ਹੁੰਦੀ ਹੈ।

COVERED CALIFORNIA

**ਕਵਰਡ ਕੈਲੀਫੋਰਨੀਆ** ਸਿਹਤ ਪਲਾਨਾਂ ਨੂੰ ਹਰ ਸਾਲ ਰੀਨਿਊ ਕਰਨਾ ਲਾਜ਼ਮੀ ਹੈ। ਰੀਨਿਊਲ ਸੰਬੰਧੀ ਜਾਣਕਾਰੀ ਸਾਲ ਦੇ ਅਖੀਰ 'ਤੇ ਡਾਕ ਰਾਹੀਂ ਭੇਜੀ ਜਾਵੇਗੀ, ਜਾਂ ਫਿਰ ਤੁਸੀਂ ਕਵਰਡ ਕੈਲੀਫੋਰਨੀਆ ਨਾਲ ਸਿੱਧੇ ਵੀ ਸੰਪਰਕ ਕਰ ਸਕਦੇ ਹੋ।

ਰੀਨਿਊ ਕਦੋਂ ਅਤੇ ਕਿਵੇਂ ਕਰਾਉਣੀ ਹੈ, ਇਸ ਬਾਰੇ ਜਾਣਕਾਰੀ ਲਈ **QR ਕੋਡ ਸਕੈਨ ਕਰੋ!**

**all in** ਸਾਰੇ ਪਰਿਵਾਰਾਂ ਲਈ ਸਿਹਤ ਦੇਖਭਾਲ

ਪ੍ਰੋਜੈਕਟ ਦਾ ਕਰਤਾ-ਧਰਤਾ
The Children's Partnership

## ਮਦਦ ਚਾਹੀਦੀ ਹੈ?

ਆਪਣੇ ਖੇਤਰ ਵਿੱਚ ਸਥਾਨਕ ਮਦਦ ਲਈ ਇਹ QR ਕੋਡ ਸਕੈਨ ਕਰੋ।

ਜਾਂ ਫਿਰ ਇਸ 'ਤੇ ਜਾਓ:
**www.allinforhealth.org**

© The Children's Partnership 2023

# ਸਿਹਤ ਕਵਰੇਜ ਲਈ ਵਿਕਲਪ

## Medi-Cal:

- ਬੱਚੇ ਅਤੇ ਬਾਲਗ ਆਪਣੀ ਆਮਦਨ ਦੇ ਮੁਤਾਬਕ ਪੂਰਨ ਦਾਇਰੇ ਵਾਲੇ Medi-Cal ਲਾਭਾਂ ਲਈ ਯੋਗ ਹੁੰਦੇ ਹਨ। ਬੱਚੇ, ਗਰਭਵਤੀ ਅਤੇ ਬੱਚੇ ਨੂੰ-ਜਨਮ ਦੇਣ ਵਾਲੀਆਂ ਔਰਤਾਂ ਦੀ ਆਮਦਨੀ ਅਧਾਰਤ ਯੋਗਤਾ ਹੋਰਨਾਂ ਬਾਲਗਾਂ ਦੇ ਮੁਕਾਬਲੇ ਵਧੇਰੇ ਹੁੰਦੀ ਹੈ (ਹੇਠਾਂ ਦਿੱਤਾ ਚਾਰਟ ਦੇਖੋ)।
- Medi-Cal ਵਿੱਚ ਮੁਢਲੀ-ਜਾਂਚ, ਟੀਕਾਕਰਣ, ਚੈੱਕ-ਅੱਪ, ਮਾਹਰ, ਮਾਸਨਿਕ ਸਿਹਤ, ਨਜ਼ਰ, ਦੰਦਾਂ ਨਾਲ ਜੁੜੀਆਂ ਸੇਵਾਵਾਂ ਅਤੇ ਡਾਕਟਰੀ ਤੌਰ 'ਤੇ ਜ਼ਰੂਰੀ ਹੋਰ ਸਾਰੀਆਂ ਦੇਖਭਾਲਾਂ ਨਾਲ ਜੁੜੇ **ਸਾਰੇ ਖਰਚੇ** ਕਵਰ ਹੁੰਦੇ ਹਨ।
- Medi-Cal ਵਿੱਚ ਸ਼ਾਮਲ ਹੋਣ ਦੀ ਸੁਵਿਧਾ ਸਾਰਾ ਸਾਲ ਉਪਲਬਧ ਹੁੰਦੀ ਹੈ।
- Medi-Cal ਵਿੱਚ ਸ਼ਾਮਲ ਜ਼ਿਆਦਤਰ ਵਿਅਕਤੀਆਂ ਲਈ ਕਿਸੇ Medi-Cal ਸਿਹਤ ਪਲਾਨ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੁੰਦਾ ਹੈ, ਜੋ ਉਹਨਾਂ ਦੀ ਸਿਹਤ ਦੇਖਭਾਲ ਕਵਰੇਜ ਦਾ ਪ੍ਰਬੰਧਨ ਕਰੇਗਾ। ਹਰ ਸਿਹਤ ਪਲਾਨ ਵੱਖ ਹੁੰਦਾ ਹੈ ਅਤੇ ਸਿਹਤਦੇਖਭਾਲ ਪ੍ਰਦਾਤਾਵਾਂ ਦੀ ਸੂਚੀ ਵੀ ਆਪਣੀ-ਆਪਣੀ ਹੁੰਦੀ ਹੈ। ਸਿਹਤ ਪਲਾਨਾਂ ਬਾਰੇ ਵਧੇਰੀ ਜਾਣਕਾਰੀ ਲੈਣ ਲਈ ਇਸ ਸਾਈਟ 'ਤੇ ਜਾਓ: ***https://www.healthcareoptions.dhcs.ca.gov***
- Medi-Cal ਦੇ ਪਲਾਨ ਟੈਲੀਹੈਲਥ ਰਾਹੀਂ ਵੀ ਸੇਵਾਵਾਂ ਦਿੰਦੇ ਹਨ। ਵੀਡੀਓ ਜਾਂ ਫੋਨ ਰਾਹੀਂ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰਨ ਬਾਰੇ ਆਪਣੇ ਪ੍ਰਦਾਤਾ ਨੂੰ ਪੁੱਛੋ।
- ਬੱਚਿਆਂ ਅਤੇ ਨੌਜਵਾਨਾਂ ਲਈ Medi-Cal ਹੇਠ ਕਵਰ ਹੁੰਦੀਆਂ ਸੇਵਾਵਾਂ ਬਾਰੇ ਹੋਣ ਜਾਣਕਾਰੀ ਲੈਣ ਲਈ, ***www.allinforhealth.org*** 'ਤੇ ਜਾਓ ਜਾਂ ਫਿਰ ਬੱਚਿਆਂ ਅਤੇ ਨੌਜਵਾਨਾਂ ਲਈ ***DHCS ਵੈੱਬਪੰਨੇ***, ਫਲਾਇਰ 'ਤੇ ਜਾਓ ***ਅਤੇਆਪਣੇ ਹੱਕ ਜਾਣੋ ਪੱਤਰ 'ਤੇ ਕਲਿੱਕ ਕਰੋ***।

## ਕਵਰਡ ਕੈਲੀਫੋਰਨੀਆ:

- ਕਵਰਡ ਕੈਲੀਫੋਰਨੀਆ ਕਈ ਤਰ੍ਹਾਂ ਦੇ ਸਿਹਤ ਪਲਾਨਾਂ ਦੀ ਸੁਵਿਧਾ ਦਿੰਦਾ ਹੈ। ਉਹ ਪਲਾਨਾਂ ਦੀ ਤੁਲਣਾ ਕਰਣ ਅਤੇ ਹਰੇਕ ਵਿਅਕਤੀ ਦੀ ਜ਼ਰੂਰਤ ਮੁਤਾਬਕ ਸਭ ਤੋਂ ਵਧੀਆ ਪਲਾਨ ਚੁਣਨ ਵਿੱਚ ਮਦਦ ਕਰਦੇ ਹਨ। ਵਧੇਰੀ ਜਾਣਕਾਰੀ ਲੈਣ ਲਈ, ਇਸ ਸਾਈਟ 'ਤੇ ਜਾਓ: ***CoveredCA.com***
- ਕਈ ਸਾਰੇ ਕੈਲੀਫੋਰਨੀਆ ਨਿਵਾਸੀ ਪ੍ਰੀਮੀਅਮ ਟੈਕਸ ਕ੍ਰੈਡਿਟ ਰਾਹੀਂ ਜਾਂ ਫਿਰ ਸ਼ਮੂਲੀਆਂ ਵੱਲੋਂ ਆਪਣੇ ਸਿਹਤ ਪਲਾਨ ਲਈ ਕੀਤੇ ਜਾਂਦੇ ਭੁਗਤਾਨ ਵਿੱਚੋਂ ਕਟੌਤੀਆਂ ਰਾਹੀਂ ਵਿੱਤੀ ਸਹਾਇਤਾ ਲਈ ਯੋਗ ਹੋ ਸਕਦੇ ਹਨ (ਇਸ ਨੂੰ ਖਰਚਾ-ਸਾਂਝ ਕਟੌਤੀ ਕਿਹਾ ਜਾਂਦਾ ਹੈ)।
- ਖੁੱਲ੍ਹੀ ਸ਼ਮੂਲੀਅਤ ਦੌਰਾਨ ਸ਼ਾਮਲ ਹੋਵੋ ਜਾਂ ਫਿਰ ਜਦੋਂ ਵੀ ਤੁਹਾਨੂੰ ਕਿਸੇ ***ਜੀਵਨ ਬਲਦਣੀ ਘਟਨਾ*** ਦਾ ਤਜਰਬਾ ਹੋਵੇ, ਜਿਵੇਂ ਕਿ ਨੌਕਰੀ ਚਲੇ ਜਾਣਾ ਜਾਂ ਬੱਚਾ ਪੈਦਾ ਹੋਣਾ। ਤੁਸੀਂ ਘਟਨਾ ਦੇ ਬਾਅਦ ਤੋਂ 60 ਦਿਨਾਂ ਦੇ ਅੰਦਰ-ਅੰਦਰ ਸ਼ਮੂਲੀਅਤ ਦੀ ਕਾਰਵਾਈ ਪੂਰੀ ਕਰ ਸਕਦੇ ਹੋ।

# ! ਪ੍ਰਵਾਸੀ ਪਰਿਵਾਰ

## Medi-Cal ਦਾ ਵਿਸਥਾਰ

- ਵਰਤਮਾਨ ਵਿੱਚ, ਹਰ ਆਮਦਨੀ ਮੁਤਾਬਕ ਯੋਗ ਬੱਚਾ ਜਾਂ 26 ਸਾਲ ਤੋਂ ਘੱਟ ਉਮਰ ਦਾ ਵਿਅਕਤੀ, 50 ਸਾਲ ਅਤੇ ਇਸ ਤੋਂ ਵੱਧ ਉਮਰ ਦਾ ਹਰ ਬਾਲਗ, DACA ਪ੍ਰਾਪਤਕਰਤਾ, ਗਰਭਵਤੀ ਔਰਤਾਂ ਅਤੇ ਹਾਲ ਹੀ ਵਿੱਚ ਗਰਭਵਤੀ ਹੋਈਆਂ ਔਰਤਾਂ Medi-Cal ਸਿਹਤ ਕਰਵੇਜ ਅਤੇ ਲਾਭਾਂ ਲਈ ਯੋਗ ਹਨ, ਫਿਰ ਭਾਵੇਂ **ਉਹਨਾਂ ਦੀ ਪ੍ਰਵਾਸੀ ਸਥਿਤੀ ਕੁਝ ਵੀ ਹੋਵੇ।**
- ਜਿਹੜੇ ਨੌਜਵਾਨਾਂ ਕੋਲ ਦਸਤਾਵੇਜ਼ ਨਹੀਂ ਹਨ ਅਤੇ 2023 ਵਿੱਚ 26 ਦੇ ਹੋ ਰਹੇ ਹਨ, ਉਹ 2024 ਤੱਕ Medi-Cal 'ਤੇ ਜਾਰੀ ਰਹਿਣਗੇ। 2024 ਤੱਕ, ਇਹਨਾਂ ਵਿਅਕਤੀਆਂ ਨੂੰ ਆਪਣੀ Medi-Cal ਕਵਰੇਜ ਨੂੰ ਕਦੋਂ ਅਤੇ ਕਿਵੇਂ ਰੀਨਿਊ ਕਰਾਉਣਾ ਹੈ, ਇਸ ਸੰਬੰਧੀ ਜਾਣਕਾਰੀ ਭੇਜ ਦਿੱਤੀ ਜਾਵੇਗੀ।
- 2024 ਵਿੱਚ, ਕੈਲੀਫੋਰਨੀਆ ਪ੍ਰਵਾਸੀ ਸਥਿਤੀ ਦੇ ਆਧਾਰ 'ਤੇ Medi-Cal ਲਈ ਸਾਰੀਆਂ ਰੁਕਾਵਟਾਂ ਹਟਾ ਰਿਹਾ ਹੈ। 1 ਜਨਵਰੀ 2024 ਤੋਂ, ਯੋਗ ਆਮਦਨੀਆਂ ਵਾਲੇ ਕੈਲੀਫੋਰਨੀਆ ਦੇ ਸਾਰੇ ਨਿਵਾਸੀ ਸਾਰੇ Medi-Cal ਲਾਭਾਂ ਲਈ ਯੋਗ ਹੋਣਗੇ, ਫਿਰ ਭਾਵੇਂ ਉਹਨਾਂ ਦੀ ਪ੍ਰਵਾਸੀ ਸਥਿਤੀ ਕੁਝ ਵੀ ਹੋਵੇ।

## ਕਵਰਡ ਕੈਲੀਫੋਰਨੀਆ

- ਜਿਹੜੇ ਵਿਅਕਤੀਆਂ ਕੋਲ ਪ੍ਰਵਾਸੀ ਹੋਣ ਸੰਬੰਧੀ ਦਸਤਾਵੇਜ਼ ਹਨ, ਉਹ ਕਵਰਡ ਕੈਲੀਫੋਰਨੀਆ ਅਤੇ ਇਸਦੀ ਵਿੱਤੀ ਸਹਾਇਤਾ ਲਈ ਯੋਗ ਹੋ ਸਕਦੇ ਹਨ। ਕੁਝ ਕਾਉਂਟੀਆਂ ਹੋਰ ਸਿਹਤ ਦੇਖਭਾਲ ਵਿਕਲਪਾਂ ਦੀ ਸੁਵਿਧਾ ਦਿੰਦੀਆਂ ਹਨ, ਫਿਰ ਭਾਵੇਂ ਉਹਨਾਂ ਦੀ ਪ੍ਰਵਾਸੀ ਸਥਿਤੀ ਕੁਝ ਵੀ ਹੋਵੇ।

## ਅੱਪਡੇਟ ਕੀਤਾ ਗਿਆ ਜਨਤਕ ਖਰਚੇ ਨਿਯਮ

- ਦਿਸੰਬਰ 2022 ਵਿੱਚ, ਸੰਘੀ ਸਰਕਾਰ ਨੇ ਜਨਤਕ ਖਰਚੇ ਨਿਯਮ ਨੂੰ ਅੱਪਡੇਟ ਕੀਤਾ ਹੈ ਅਤੇ ਸਪਸ਼ਟ ਕੀਤਾ ਹੈ ਕਿ Medi-Cal ਦੀ ਵਰਤੋਂ ਨੂੰ ਜਨਤਕ ਖਰਚੇ ਲਈ ਵੀਚਾਰਿਆ ਨਹੀਂ ਜਾਂਦਾ ਹੈ (ਲੰਬੇ ਸਮੇਂ ਲਈ ਕਿਸੇ ਸੰਸਥਾਗਤ ਡੇਕਬਹਾਲ ਦੇ ਮਾਮਲੇ ਨੂੰ ਛੱਡਕੇ, ਜਿਸ ਨੂੰ ਹੁਨਰਮੰਦ ਨਰਸਿੰਗ ਹੋਮ ਦੇਖਭਾਲ ਵੀ ਕਿਹਾ ਹੈ)।
- Medi-Cal ਵਿੱਚ ਤੁਹਾਡੇ ਬੱਚੇ ਦੀ ਸ਼ਮੂਲੀਅਤ ਅਤੇ ਸਿਹਤ ਦੇਖਭਾਲ ਸੇਵਾਵਾਂ ਦੀ ਵਰਤੋਂ ਦਾ ਤੁਹਾਡੀ ਪ੍ਰਵਾਸੀ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ।
- ਹਾਲਾਂਕਿ ਜਨਤਕ ਖਰਚੇ ਟੈਸਟ ਤੁਹਾਨੂੰ ਬੇਚੈਨ ਕਰ ਸਕਦਾ ਹੈ, ਇਸ ਲਈ ਇਹ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਲਈ ਲਾਗੂ ਹੁੰਦਾ ਹੈ ਜਾਂ ਨਹੀਂ, ਇਸ ਗੱਲ ਨੂੰ ਬਿਹਤਰ ਤਰੀਕੇ ਸਮਝਣ ਲਈ **ਜਨਤਕ ਖਰਚੇ ਰੋਡਮੈਪ** ਦੀ ਵਰਤੋਂ ਕਰੋ।

ਇਸ ਸਾਈਟ 'ਤੇ ਜਾਓ:
***allinforhealth.org/public-charge***




## ਵਿੱਤੀ ਮਦਦ | ਕਵਰਡ ਕੈਲੀਫੋਰਨੀਆ ਹੇਠ ਤੁਸੀਂ ਜਾਂ ਤੁਹਾਡਾ ਪਰਿਵਾਰ ਮੁਫਤ **Medi-Cal** ਲਈ ਜਾਂ ਫਿਰ ਪ੍ਰੀਮੀਅਮ ਸਹਾਇਤਾ ਲਈ ਯੋਗ ਹੋ ਸਕਦੇ ਹੋ।*

| ਇਸ ਰੇਂਜ ਵਿੱਚ ਆਉਂਦੀਆਂ ਆਮਦਨੀਆਂ ਲਈ ਹੇਠਾਂ ਦਿੱਤਾ ਨੋਟ ਦੇਖੋ | ਕਵਰਡ ਕੈਲੀਫੋਰਨੀਆ ਪ੍ਰੀਮੀਅਮ ਛੋਟਾਂ** | | | | | | | | ਟੈਕਸ ਕ੍ਰੈਡਿਟ 400% ਦੇ ਬਾਅਦ ਵੀ ਜਾਰੀ ਰਹਿੰਦਾ ਹੈ | |
|---|---|---|---|---|---|---|---|---|---|---|
| | ਅਮਰੀਕੀ ਭਾਰਤੀ / ਅਲਾਸਕਾ ਮੂਲ (AI/AN) ਸਿਫਰ ਖਰਚਾ ਸਾਂਝ | | | | | | | | AI/AN ਸੀਮਿਤ ਖਰਚਾ ਸਾਂਝ | |
| % FPL | 100% | 138% | 150% | 200% | 213% | 250% | 266% | 300% | 322% | 400% |
| ਪਰਿਵਾਰ ਦਾ ਸਾਈਜ਼ | ਜੇ 2023 ਵਿੱਚ ਪਰਿਵਾਰ ਦੀ ਆਮਦਨੀ ਇਸ ਦੇ ਬਰਾਬਰ ਜਾਂ ਇਸ ਤੋਂ ਘੱਟ ਹੈ | | | | | | | | | |
| 1 | $13,590 | $ 18,755 | $ 20,385 | $ 27,180 | $ 28,947 | $ 33,975 | $ 36,150 | $ 40,770 | $ 43,760 | $ 54,360 |
| 2 | $ 18,310 | $ 25,268 | $ 27,465 | $ 36,620 | $ 39,001 | $ 45,775 | $ 48,705 | $ 54,930 | $ 58,959 | $ 73,240 |
| 3 | $ 23,030 | $ 31,782 | $ 34,545 | $ 46,060 | $ 49,054 | $ 57,575 | $ 61,260 | $ 69,090 | $ 74,157 | $ 92,120 |
| 4 | $ 27,750 | $ 38,295 | $ 41,625 | $ 55,500 | $ 59,108 | $ 69,375 | $ 73,815 | $ 83,250 | $ 89,355 | $ 1,11,000 |
| 5 | $ 32,470 | $ 44,809 | $ 48,705 | $ 64,940 | $ 69,162 | $ 81,175 | $ 86,371 | $ 97,410 | $ 1,04,554 | $ 1,29,880 |
| 6 | $ 37,190 | $ 51,323 | $ 55,785 | $ 74,380 | $ 79,215 | $ 92,975 | $ 98,926 | $ 1,11,570 | $ 1,19,752 | $ 1,48,760 |
| | ਬਾਲਗਾਂ ਲਈ Medi-Cal | | ਗਰਭਵਤੀ ਅਤੇ ਬੱਚੇ ਨੂੰ ਜਨਮ ਦੇਣ ਵਾਲੀਆਂ ਔਰਤਾਂ ਲਈ Medi-Cal | | | ਗਰਭਵਤੀ ਅਤੇ ਬੱਚੇ ਨੂੰ ਜਨਮ ਦੇਣ ਵਾਲੀਆਂ ਔਰਤਾਂ ਲਈ Medi-Cal ਦੀ ਪਹੁੰਚ | | | | |
| | ਬੱਚਿਆਂ (0-18 ਸਾਲ) ਲਈ Medi-Cal | | | | | | | CCHIP*** | | |

* ਆਮਦਨੀ ਅਤੇ ਪਰਿਵਾਰ ਦੇ ਸਾਈਜ਼ ਦਾ ਹਿਸਾਬ ਲਗਾਉਣ ਸੰਬੰਧੀ ਜਾਣਕਾਰੀ ਲਈ, ਇਸ ਸਾਈਟ 'ਤੇ ਜਾਓ: ***healthcare.gov/income-and-household-information***

** ਕਵਰਡ ਕੈਲੀਫੋਰਨੀਆ ਲਈ, 2023 ਦੇ ਆਮਦਨੀ ਦੇ ਇਹ ਯੋਗਤਾ ਪੱਧਰ 1 ਨਵੰਬਰ 2023 ਤੋਂ ਸ਼ੁਰੂ ਹੋਣ ਵਾਲੀ ਆਗਾਮੀ ਖੁੱਲ੍ਹੀ ਸ਼ਮੂਲੀਅਤ ਮਿਆਦ ਵੇਲੇ ਪ੍ਰਭਾਵੀ ਹੁੰਦੇ ਹਨ।

*** ਸਿਰਫ ਸੈਨ ਫਰੈਂਸਿਸਕੋ, ਸੈਨ ਮਾਟੀਓ ਅਤੇ ਸਾਂਟਾ ਕਲਾਰਾ ਕਾਉਂਟੀ ਨਿਵਾਸੀਆਂ ਲਈ।

ਨੋਟ: 138% FPL ਦੇ ਬਾਅਦ ਦੇ ਖਪਤਕਾਰ ਵਿੱਤੀ ਮਦਦ ਦੇ ਨਾਲ ਕਵਰਡ ਕੈਲੀਫੋਰਨੀਆ ਸਿਹਤ ਪਲਾਨ ਲਈ ਯੋਗ ਹੋ ਸਕਦੇ ਹਨ, ਸਮੇਤ: ਸੰਘੀ ਟੈਕਸ ਪ੍ਰੀਮੀਅਮ ਕ੍ਰੈਡਿਟ (federal premium tax credit), ਸਿਫਰ ਖਰਚਾ ਸਾਂਝ (Zero Cost Sharing) ਅਤੇ ਸੀਮਤ ਖਰਚਾ ਸਾਂਝ AI/AN (Limited Cost Sharing AI/AN) ਪਲਾਨ। ਸਰੋਤ: *www coveredca.com/pdfs/FPL-chart.pdf*

all in

HEALTH CARE FOR ALL FAMILIES

ਪ੍ਰੋਜੈਕਟ ਦਾ ਕਰਤਾ-ਧਰਤਾ The Children's Partnership

ਸਾਡੇ ਪਾਰਟਨਰ:

Department of Education State of California

California School-Based Health Alliance

MetroLA Best Start

para los niños for the children

ਵਧੇਰੀ ਜਾਣਕਾਰੀ ਲਈ ਇਸ ਸਾਈਟ 'ਤੇ ਜਾਓ: **www.allinforhealth.org**